# ਸੁਰੱਖਿਆ ਆਦੇਸ਼: ਕੀ ਨਾਗਰਿਕ ਕਨੂੰਨੀ ਸਿਸਟਮ ਮੇਰੀ ਸੁਰੱਖਿਆ ਵਿੱਚ ਮਦਦ ਕਰ ਸਕਦਾ ਹੈ?

- ਇਸ ਨੂੰ *ਸਿਰਫ਼* ਤਾਂ ਹੀ ਪੜ੍ਹੋ ਜੇਕਰ ਤੁਸੀਂ ਵਾਸ਼ਿੰਗਟਨ ਰਾਜ ਵਿੱਚ ਰਹਿੰਦੇ ਹੋ ਜਾਂ ਹਾਲ ਹੀ ਵਿੱਚ ਉੱਥੇ ਘਰੇਲੂ ਹਿੰਸਾ, ਉਤਪੀੜਨ, ਜਾਂ ਕਿਸੇ ਦੁਆਰਾ ਪਿੱਛਾ ਕਰਨ ਦਾ ਅਨੁਭਵ ਕੀਤਾ ਹੈ।

- **ਜੇਕਰ ਤੁਸੀਂ ਵਰਤਮਾਨ ਸਮੇਂ** ਘਰੇਲੂ ਹਿੰਸਾ, ਉਤਪੀੜਨ, ਜਿਨਸੀ ਉਤਪੀੜਨ, ਜਾਂ ਕਿਸੇ ਦੁਆਰਾ ਪਿੱਛਾ ਕਰਨ ਦਾ ਅਨੁਭਵ ਕਰ ਰਹੇ ਹੋ, ਤਾਂ ਆਪਣੇ ਸਥਾਨਕ ਘਰੇਲੂ ਹਿੰਸਾ ਆਸਰਾ ਸਥਾਨ ਤੋਂ ਮਦਦ ਲਓ। ਆਸਰਾ-ਸਥਾਨ ਸੁਰੱਖਿਆ ਯੋਜਨਾਬੰਦੀ, ਅਸਥਾਈ ਪਨਾਹ, ਕਨੂੰਨੀ ਵਕਾਲਤ, ਸਲਾਹ ਅਤੇ ਹੋਰ ਸੇਵਾਵਾਂ ਪ੍ਰਦਾਨ ਕਰਦੇ ਹਨ। ਆਪਣੇ ਨੇੜੇ ਪ੍ਰੋਗਰਾਮ ਦੀ ਤਲਾਸ਼ ਕਰਨ ਲਈ, 800-799-7233 'ਤੇ **ਰਾਸ਼ਟਰੀ ਘਰੇਲੂ ਹਿੰਸਾ ਹੌਟਲਾਈਨ** ਨੂੰ ਕਾਲ ਕਰੋ ਜਾਂ 88788 'ਤੇ "START" ਦਾ ਟੈਕਸਟ ਸੁਨੇਹਾ ਭੇਜੋ।

- ਸਾਡੇ ਵਾਲੋਂ ਲਿੰਕ ਕੀਤੇ ਗਏ ਸਾਰੇ ਤੱਥ-ਪੱਤਰਾਂ ਨੂੰ ਤੁਸੀਂ ਇੱਥੇ WashingtonLawHelp.org 'ਤੇ ਦੇਖ ਸਕਦੇ ਹੋ।

## ਮੈਂ ਇਸ ਨੂੰ ਪੜ੍ਹ ਕੇ ਕੀ ਸਿੱਖਾਂਗਾ/ਸਿੱਖਾਂਗੀ?

ਤੁਸੀਂ ਸਿੱਖੋਗੇ:

- ਸੁਰੱਖਿਆ ਆਦੇਸ਼ ਕੀ ਹੈ
- ਵੱਖ-ਵੱਖ ਤਰ੍ਹਾਂ ਦੇ ਸੁਰੱਖਿਆ ਆਦੇਸ਼ ਜੋ ਘਰੇਲੂ ਹਿੰਸਾ ਜਾਂ ਤੁਹਾਨੂੰ ਡਰਾਉਣ ਵਾਲੇ ਜਾਂ ਤੁਹਾਨੂੰ ਜੋਖਿਮ ਵਿੱਚ ਪਾਉਣ ਵਾਲੇ ਹੋਰ ਕਿਸਮ ਦੇ ਵਿਵਹਾਰ ਵਿੱਚ ਮਦਦ ਕਰਦੇ ਹਨ ਜਾਂ ਇਸ ਨੂੰ ਰੋਕਦੇ ਹਨ
- ਸੁਰੱਖਿਆ ਆਦੇਸ਼ ਦੀ ਮੰਗ ਕਰਨ ਲਈ ਕੋਈ ਫੀਸ ਨਹੀਂ ਹੈ ਅਤੇ ਤੁਹਾਨੂੰ ਕਿਸੇ ਵਕੀਲ ਦੀ ਲੋੜ ਨਹੀਂ ਹੈ
- ਤੁਹਾਡਾ ਸੁਰੱਖਿਆ ਆਦੇਸ਼ ਤੁਹਾਡੀ ਸੁਰੱਖਿਆ ਕਿਵੇਂ ਕਰਦਾ ਹੈ ਅਤੇ ਇਹ ਕਿੰਨਾ ਸਮਾਂ ਚੱਲ ਸਕਦਾ ਹੈ

# ਭਾਗ 1: ਬੁਨਿਆਦੀ ਗੱਲਾਂ

## ਸੁਰੱਖਿਆ ਆਦੇਸ਼ ਕੀ ਹੈ?

ਇਹ ਨਾਗਰਿਕ ਅਦਾਲਤ ਦਾ ਆਦੇਸ਼ ਹੈ (ਇੱਕ ਆਦੇਸ਼ ਜਿਸਦੀ ਤੁਸੀਂ ਮੰਗ ਕਰਦੇ ਹੋ) ਜੋ ਤੁਹਾਡੀ ਕਿਸੇ ਹੋਰ ਵਿਅਕਤੀ ਤੋਂ ਸੁਰੱਖਿਆ ਕਰਨ ਦੇ ਇਰਾਦੇ ਨਾਲ ਜੱਜ ਦੁਆਰਾ ਜਾਰੀ ਕੀਤਾ ਜਾਂਦਾ ਹੈ। **ਜੇਕਰ ਤੁਸੀਂ ਘਰੇਲੂ ਹਿੰਸਾ, ਉਤਪੀੜਨ, ਜਿਨਸੀ ਉਤਪੀੜਨ, ਜਾਂ ਕਿਸੇ ਦੁਆਰਾ ਤੁਹਾਡਾ ਪਿੱਛਾ ਕਰਨ ਦਾ ਅਨੁਭਵ ਕਰ ਰਹੇ ਹੋ ਤਾਂ ਤੁਸੀਂ ਸੁਰੱਖਿਆ ਆਦੇਸ਼ ਦੀ ਮੰਗ ਕਰ ਸਕਦੇ ਹੋ।**

ਇਨ੍ਹਾਂ ਵਿੱਚੋਂ ਹਰੇਕ ਦੀ ਪਰਿਭਾਸ਼ਾ ਹੇਠਾਂ ਦੇਖੋ। ਜੇਕਰ ਤੁਸੀਂ ਦੁਰਵਿਵਹਾਰ ਜਾਂ ਅਣਗਹਿਲੀ ਦਾ ਸਾਹਮਣਾ ਕਰਨ ਵਾਲੇ ਇੱਕ **ਕਮਜ਼ੋਰ ਨੌਜਵਾਨ** ਹੋ, ਜਾਂ ਅਜਿਹੇ ਕਿਸੇ ਨੌਜਵਾਨ ਦੀ ਤਰਫ਼ੋਂ ਹੋ, ਤਾਂ ਵੀ ਤੁਸੀਂ ਸੁਰੱਖਿਆ ਆਦੇਸ਼ ਦੀ ਮੰਗ ਕਰ ਸਕਦੇ ਹੋ।

## "ਘਰੇਲੂ ਹਿੰਸਾ" ਕੀ ਹੈ?

ਵਾਸ਼ਿੰਗਟਨ ਰਾਜ ਕਨੂੰਨ RCW 7.105.010(8) ਕਹਿੰਦਾ ਹੈ ਕਿ ਘਰੇਲੂ ਹਿੰਸਾ ਉਦੋਂ ਹੁੰਦੀ ਹੈ ਜਦੋਂ ਤੁਸੀਂ ਕਿਸੇ ਉਸ ਵਿਅਕਤੀ ਨਾਲ ਸੰਬੰਧਤ ਹੋ, ਹੁਣ ਨਾਲ ਰਹਿ ਰਹੇ ਹੋ ਜਾਂ ਨਾਲ ਰਹੇ ਹੋ, ਜਾਂ ਕਦੇ ਇਹਨਾਂ ਵਿੱਚੋਂ ਕਿਸੇ ਨਾਲ ਗੂੜ੍ਹੇ ਰਿਸ਼ਤੇ ਵਿੱਚ ਰਹੇ ਹੋ:

- ਜੋ ਤੁਹਾਨੂੰ ਜਿਨਸੀ ਉਤਪੀੜਨ ਸਮੇਤ ਸਰੀਰਕ ਤੌਰ 'ਤੇ ਨੁਕਸਾਨ ਪਹੁੰਚਾਉਂਦਾ ਹੈ
- ਜਿਸ ਕਰਕੇ ਤੁਹਾਨੂੰ ਤੁਰੰਤ ਸਰੀਰਕ ਨੁਕਸਾਨ ਜਾਂ ਹਮਲੇ ਤੋਂ ਡਰ ਲੱਗਦਾ ਹੈ
- ਔਨਲਾਈਨ (ਸਾਈਬਰਸਟਾਲਕਿੰਗ) ਸਮੇਤ ਤੁਹਾਡੇ ਉੱਤੇ ਨਜ਼ਰ ਰੱਖਦਾ ਹੈ
- ਤੁਹਾਨੂੰ ਸਰੀਰਕ, ਭਾਵਨਾਤਮਕ, ਜਾਂ ਮਨੋਵਿਗਿਆਨਕ ਨੁਕਸਾਨ ਪਹੁੰਚਾਉਣ ਵਾਲਾ ਅਤੇ ਤੁਹਾਡੀ ਸੁਤੰਤਰ ਇੱਛਾ ਅਤੇ ਨਿੱਜੀ ਸੁਤੰਤਰਤਾ (ਜ਼ਬਰਦਸਤੀ ਨਿਯੰਤਰਣ) ਵਿੱਚ ਨਾਜਾਇਜ਼ ਤਰੀਕੇ ਨਾਲ ਦਖਲਅੰਦਾਜ਼ੀ ਕਰਨ ਵਾਲੇ ਕਿਸੇ ਵਿਵਹਾਰ ਦੀ ਵਰਤੋਂ ਕਰਦਾ ਹੈ।

- ❖ ਤੁਹਾਨੂੰ ਧਮਕੀ ਦੇਣ ਜਾਂ ਤੁਹਾਨੂੰ ਨੁਕਸਾਨ ਪਹੁੰਚਾਉਣ ਦਾ ਕਿਸੇ ਨੂੰ ਹੱਕ ਨਹੀਂ ਹੈ। ਸਤਾਉਣ ਵਾਲੇ ਤੁਹਾਡੇ ਨਾਲ ਕੀ ਸੰਬੰਧ ਹਨ ਇਸਦਾ ਕੋਈ ਫ਼ਰਕ ਨਹੀਂ ਪੈਂਦਾ।
- ❖ ਔਨਲਾਈਨ ਦੀ ਬਜਾਏ ਜਨਤਕ ਲਾਇਬ੍ਰੇਰੀ ਜਾਂ ਕਨੂੰਨੀ ਲਾਇਬ੍ਰੇਰੀ ਵਿੱਚ ਵਾਸ਼ਿੰਗਟਨ ਕਨੂੰਨ ਰਾਜ ਬਾਰੇ ਪੜ੍ਹਨ ਲਈ, ਲਾਇਬ੍ਰੇਰੀਅਨ ਨੂੰ ਕਹੋ ਕਿ RCWs (ਸੰਸ਼ੋਧਿਤ ਵਾਸ਼ਿੰਗਟਨ ਸੰਹਿਤਾ) ਦਾ ਸੈੱਟ ਲੱਭਣ ਵਿੱਚ ਤੁਹਾਡੀ ਮਦਦ ਕਰੇ।

## ਜ਼ਬਰਦਸਤੀ ਨਿਯੰਤਰਣ" ਦੀਆਂ ਕੁੱਝ ਉਦਾਹਰਣਾਂ ਕੀ ਹਨ?

ਇਹ ਕੁੱਝ ਉਦਾਹਰਣਾਂ ਹਨ:

- ਤੁਹਾਡੇ ਅਤੇ/ਜਾਂ ਵਾਹਨ ਵਿੱਚ ਬੱਚਿਆਂ ਨਾਲ ਲਾਪਰਵਾਹੀ ਨਾਲ ਗੱਡੀ ਚਲਾਉਣਾ ਅਤੇ ਤੁਹਾਨੂੰ ਉਹੀ ਕਰਨ ਲਈ ਡਰਾਉਣਾ ਅਤੇ ਮਜ਼ਬੂਰ ਕਰਨਾ ਜੋ ਵਿਅਕਤੀ ਤੁਹਾਡੇ ਤੋਂ ਤੁਹਾਡੀ ਆਪਣੀ ਮਰਜ਼ੀ ਦੇ ਉਲਟ ਕਰਾਉਣਾ ਚਾਹੁੰਦਾ ਹੈ
- ਤੁਹਾਨੂੰ ਇਹ ਧਮਕੀ ਦੇਣਾ ਕਿ ਜੇਕਰ ਤੁਸੀਂ ਉਨ੍ਹਾਂ ਨਾਲ ਰਿਸ਼ਤੇ ਵਿੱਚ ਨਹੀਂ ਰਹਿੰਦੇ ਤਾਂ ਉਹ ਖੁਦ ਨੂੰ ਜਾਨੋ ਮਾਰ ਦੇਵੇਗਾ
- ਤੁਹਾਡੇ ਦੋਸਤਾਂ ਅਤੇ ਪਰਿਵਾਰ ਨੂੰ ਇਹ ਦੱਸਣਾ ਕਿ ਉਹ ਤੁਹਾਡੇ ਕਰੀਅਰ ਨੂੰ ਤਬਾਹ ਜਾਂ ਤੁਹਾਡੇ ਬਾਰੇ ਇਮੀਗ੍ਰੇਸ਼ਨ ਨੂੰ ਰਿਪੋਰਟ ਕਰਨ ਜਾ ਰਹੇ ਹਨ ਕਿਉਂਕਿ ਤੁਸੀਂ ਰਿਸ਼ਤੇ ਨੂੰ ਖ਼ਤਮ ਕਰ ਰਹੇ ਹੋ
- ਤੁਹਾਨੂੰ ਬਲੈਕਮੇਲ ਕਰਨ ਦੀ ਧਮਕੀ ਦੇਣਾ

ਤੁਸੀਂ ਹੋਰ ਉਦਾਹਰਣ ਦੇਖਣ ਲਈ RCW 7.105.010(37)'ਤੇ ਜਾ ਕੇ ਕਨੂੰਨ ਪੜ੍ਹ ਸਕਦੇ ਹੋ।

## "ਉਤਪੀੜਨ" ਕੀ ਹੈ?

ਵਾਸ਼ਿੰਗਟਨ ਰਾਜ ਇਸ ਨੂੰ ਕਿਸੇ ਵਿਅਕਤੀ ਦੇ ਉਸ ਵਿਵਹਾਰ ਵਜੋਂ ਪਰਿਭਾਸ਼ਿਤ ਕਰਦਾ ਹੈ ਜੋ ਗੰਭੀਰ ਰੂਪ ਵਿੱਚ ਤੁਹਾਨੂੰ ਧਮਕੀ ਦਿੰਦਾ ਹੈ, ਤੁਹਾਨੂੰ ਤੰਗ ਕਰਦਾ ਹੈ ਜਾਂ ਤੁਹਾਨੂੰ ਸਤਾਉਂਦਾ ਹੈ RCW 7.105.010(35)।

ਇਸ ਵਿਵਹਾਰ ਦਾ ਕੋਈ ਵੈਧ ਉਦੇਸ਼ ਨਹੀਂ ਹੁੰਦਾ।

## "ਪਿੱਛਾ ਕਰਨਾ (ਸਟਾਕਿੰਗ) ਕੀ ਹੈ"?

ਰਾਜ ਕਨੂੰਨ ਦੇ ਤਹਿਤ, ਪਿੱਛਾ ਕਰਨਾ (ਸਟਾਕਿੰਗ) ਓਦੋਂ ਅਪਰਾਧ ਬਣਦਾ ਹੈ ਜਦੋਂ ਇਹ ਸਭ ਸੱਚ ਹੋਵੇ:

- ਕੋਈ ਜਾਣਬੁੱਝ ਕੇ ਅਤੇ ਵਾਰ-ਵਾਰ ਤੁਹਾਨੂੰ ਪਰੇਸ਼ਾਨ ਕਰਦਾ ਹੈ ਜਾਂ ਤੁਹਾਡਾ ਪਿੱਛਾ ਕਰਦਾ ਹੈ। ਇਸ ਵਿੱਚ ਉਹਨਾਂ ਨੂੰ ਤੁਹਾਡੇ ਸਥਾਨ ਨੂੰ ਟ੍ਰੈਕ ਕਰਨ ਲਈ ਇੱਕ GPS ਜਾਂ ਹੋਰ ਟ੍ਰੈਕਿੰਗ ਡਿਵਾਈਸ ਦੀ ਵਰਤੋਂ ਕਰਨਾ ਸ਼ਾਮਲ ਹੋ ਸਕਦਾ ਹੈ।
- ਤੁਹਾਨੂੰ ਵਾਜ਼ਬ ਸ਼ੱਕ ਹੈ ਕਿ ਉਹ ਕਿਸੇ ਨੂੰ (ਜੋ ਸ਼ਾਇਦ ਤੁਸੀਂ ਨਾ ਹੋਵੋ) ਜਾਂ ਕਿਸੇ ਵੀ ਸੰਪੱਤੀ (ਜੋ ਸ਼ਾਇਦ ਤੁਹਾਡੀ ਨਾ ਹੋਵੇ) ਨੂੰ ਨੁਕਸਾਨ ਪਹੁੰਚਾਉਣਾ ਚਾਹੁੰਦੇ ਹਨ।
- ਸਟਾਕਰ ਜਾਂ ਪਿੱਛਾ ਕਰਨ ਵਾਲੇ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਉਹ ਤੁਹਾਨੂੰ ਡਰਾ ਰਿਹਾ ਹੈ, ਧਮਕਾ ਰਿਹਾ ਹੈ ਜਾਂ ਤੰਗ ਕਰ ਰਿਹਾ ਹੈ।

**ਜੇਕਰ ਇਹ ਤੁਹਾਡੀ ਸਥਿਤੀ ਦਾ ਵਰਣਨ ਕਰਦਾ ਹੈ ਤਾਂ ਪੁਲਿਸ ਨੂੰ ਕਾਲ ਕਰਨ ਬਾਰੇ ਵਿਚਾਰ ਕਰੋ।**

*ਸਾਈਬਰ ਛੇੜਖਾਨੀ ਵੀ ਇੱਕ ਸਟਾਕਿੰਗ ਅਪਰਾਧ ਹੈ। ਤੁਸੀਂ ਇਸ ਬਾਰੇ ਕਨੂੰਨ ਨੂੰ RCW 9A.90.120 'ਤੇ ਪੜ੍ਹ ਸਕਦੇ ਹੋ।

## "ਦੁਰਵਿਹਾਰ ਜਾਂ ਉਪੇਖਿਆ ਦਾ ਅਨੁਭਵ ਕਰਨ ਵਾਲਾ ਕਮਜ਼ੋਰ ਨੌਜਵਾਨ" ਹੋਣ ਤੋਂ ਕੀ ਭਾਵ ਹੈ?

ਹੋਰ ਜਾਣਨ ਲਈ ਬਜ਼ੁਰਗਾਂ ਅਤੇ ਕਮਜ਼ੋਰ ਨੌਜਵਾਨਾਂ ਨੂੰ ਦੁਰਵਿਹਾਰ ਅਤੇ ਉਪੇਖਿਆ ਤੋਂ ਬਚਾਉਣਾ ਪੜ੍ਹੋ। ਇਹ ਤੱਥ ਸ਼ੀਟ ਸੁਰੱਖਿਆ ਆਦੇਸ਼ਾਂ ਤੋਂ ਇਲਾਵਾ ਕਮਜ਼ੋਰ ਨੌਜਵਾਨਾਂ ਲਈ ਹੋਰ ਵਿਕਲਪਾਂ ਬਾਰੇ ਵੀ ਗੱਲ ਕਰਦੀ ਹੈ।

## ਜਿਨਸੀ ਉਤਪੀੜਨ ਦੀ ਕਨੂੰਨੀ ਪਰਿਭਾਸ਼ਾ ਕੀ ਹੈ?

ਇਸ ਵਿੱਚ ਬਲਾਤਕਾਰ ਸ਼ਾਮਲ ਹੈ, ਪਰ ਇੱਕ ਸੁਰੱਖਿਆ ਆਦੇਸ਼ ਪ੍ਰਾਪਤ ਕਰਨ ਦੇ ਉਦੇਸ਼ਾਂ ਲਈ, ਰਾਜ ਦਾ ਕਨੂੰਨ ਇਸਨੂੰ ਆਮ ਤੌਰ 'ਤੇ ਹੋਰ ਕਿਸੇ ਵੀ ਜਿਨਸੀ ਵਿਹਾਰ ਜਾਂ ਘੁਸਪੈਠ ਵਜੋਂ ਪਰਿਭਾਸ਼ਿਤ ਕਰਦਾ ਹੈ ਜਿਸ ਨਾਲ ਤੁਸੀਂ ਖੁੱਲ੍ਹ ਕੇ ਸਹਿਮਤ ਨਹੀਂ ਹੁੰਦੇ ਹੋ। (ਅਸਹਿਮਤ ਹੁੰਦੇ ਹੋ) ਹੋਰ ਜਾਣਨ ਲਈ RCW 7.105.100(b) 'ਤੇ ਜਾ ਕੇ ਕਨੂੰਨ ਪੜ੍ਹੋ।

## ਕੀ ਸੁਰੱਖਿਆ ਆਦੇਸ਼ ਰਿਸਟ੍ਰੇਨਿੰਗ ਆਰਡਰ ਦੀ ਤਰ੍ਹਾਂ ਹੀ ਹੈ?

ਨਹੀਂ। ਤੁਸੀਂ ਸਿਰਫ਼ ਪਰਿਵਾਰਕ ਕਨੂੰਨੀ ਕਾਰਵਾਈ (ਜਿਵੇਂ ਕਿ ਤਲਾਕ ਜਾਂ ਸਰਪ੍ਰਸਤੀ ਦੇ ਕੇਸ) ਵਿੱਚ ਹੀ ਰਿਸਟ੍ਰੇਨਿੰਗ ਆਰਡਰ ਦੀ ਮੰਗ ਕਰ ਸਕਦੇ ਹੋ ਜਿਸ ਨੂੰ ਤੁਸੀਂ ਭਰ ਰਹੇ ਹੋ ਜਾਂ ਜਿਸਦਾ ਮੁਕੱਦਮਾ ਲੜ ਰਹੇ ਹੋ। ਸੁਰੱਖਿਆ ਦੇ ਆਦੇਸ਼ ਦੀ ਮੰਗ ਕਰਨ ਲਈ ਤੁਹਾਨੂੰ ਪਰਿਵਾਰਕ ਕਨੂੰਨੀ ਕੇਸ ਵਿੱਚ ਸ਼ਾਮਲ ਹੋਣ ਦੀ ਲੋੜ ਨਹੀਂ

ਹੈ। ਹੋਰ ਜਾਣਨ ਲਈ ਮੈਂ ਘਰੇਲੂ ਹਿੰਸਾ ਦਾ ਅਨੁਭਵ ਕੀਤਾ ਹੈ ਕੀ ਮੈਨੂੰ ਸੁਰੱਖਿਆ ਦਾ ਆਦੇਸ਼ (PO) ਦਾਇਰ ਕਰਨਾ ਚਾਹੀਦਾ ਹੈ? ਪੜ੍ਹੋ।

# ਭਾਗ 2: ਇੱਕ ਸੁਰੱਖਿਆ ਆਦੇਸ਼ ਪ੍ਰਾਪਤ ਕਰਨਾ

## ਕੀ ਮੈਨੂੰ ਸੁਰੱਖਿਆ ਦਾ ਆਦੇਸ਼ ਪ੍ਰਾਪਤ ਕਰਨ ਲਈ ਵਕੀਲ ਦੀ ਲੋੜ ਹੈ?

ਨਹੀਂ।

## ਸੁਰੱਖਿਆ ਆਦੇਸ਼ ਦਾਇਰ ਕਰਨ ਵਾਸਤੇ ਕਿੰਨੀ ਫੀਸ ਲੱਗਦੀ ਹੈ?

ਇਸਦੀ ਕੋਈ ਫੀਸ ਨਹੀਂ ਹੈ।

## ਸੁਰੱਖਿਆ ਆਦੇਸ਼ ਦਾਇਰ ਕਰਨ ਲਈ ਮੈਨੂੰ ਫਾਰਮ ਕਿੱਥੋਂ ਮਿਲ ਸਕਦੇ ਹਨ?

ਫਾਰਮ ਰਾਜਾਂ ਅਨੁਸਾਰ ਜ਼ਿਲ੍ਹਾ ਅਤੇ ਸੁਪੀਰੀਅਰ ਅਦਾਲਤਾਂ ਵਿੱਚ ਉਪਲਬਧ ਹਨ। ਪਹਿਲਾਂ ਆਪਣੀ ਸਥਾਨਕ ਅਦਾਲਤ ਵਿੱਚ ਪਤਾ ਕਰੋ।

ਤੁਸੀਂ WashingtonLawHelp.org 'ਤੇ ਜਾ ਕੇ ਫਾਰਮ ਭਰਨ ਲਈ ਸਾਡੇ ਪ੍ਰਿੰਟ ਕਰਨ ਯੋਗ ਇੱਕ ਸੁਰੱਖਿਆ ਆਦੇਸ਼ ਕਿਵੇਂ ਦਾਇਰ ਕਰੀਏ ਪੈਕਿਟ, ਜਾਂ ਸਾਡੇ ਇਸ ਨੂੰ ਆਪਣੇ-ਆਪ ਕਰੋ ਸਾਖਿਆਤਕਾਰ ਪ੍ਰੋਗਰਾਮ, ਵਾਸ਼ਿੰਗਟਨ ਫਾਰਮ ਔਨਲਾਈਨ ਦੀ ਵਰਤੋਂ ਕਰ ਸਕਦੇ ਹੋ।

- ❖ ਕੀ ਤੁਸੀਂ ਕਬੀਲੇ ਦੇ ਮੈਂਬਰ ਹੋ ਜਾਂ ਕਿਸੇ ਕਬੀਲਾਈ ਭਾਈਚਾਰੇ ਵਿੱਚ ਰਹਿ ਰਹੇ ਹੋ ਜਾਂ ਰਿਜ਼ਰਵੇਸ਼ਨ 'ਤੇ ਹੋ? ਤੁਹਾਡੇ ਕੋਲ ਰਾਜ ਦੀ ਅਦਾਲਤ ਜਾਂ ਕਬੀਲਾਈ ਅਦਾਲਤ ਵਿੱਚ ਸੁਰੱਖਿਆ ਆਦੇਸ਼ ਲਈ ਦਾਇਰ ਕਰਨ ਦਾ ਵਿਕਲਪ ਹੋ ਸਕਦਾ ਹੈ। ਹਰੇਕ ਕਬੀਲੇ ਦਾ ਕੋਡ ਅਤੇ/ਜਾਂ ਪ੍ਰਕਿਰਿਆ ਵੱਖਰੀ ਹੋ ਸਕਦੀ ਹੈ। ਹੋਰ ਜਾਣਨ ਲਈ ਕਬੀਲਾਈ ਅਦਾਲਤ ਨਾਲ ਸੰਪਰਕ ਕਰੋ। (bit.ly/3xG65rt 'ਤੇ ਜਾ ਕੇ ਕਬੀਲਾਈ ਅਦਾਲਤ ਡਾਇਰੈਕਟਰੀ ਦੀ ਵਰਤੋਂ ਕਰੋ।) ਕਬੀਲਾਈ ਅਦਾਲਤ ਵਿੱਚ ਰਾਜ ਅਦਾਲਤ ਫਾਰਮ ਕੰਮ ਨਹੀਂ ਕਰ ਸਕਦੇ।

# ਭਾਗ 3: ਆਪਣਾ ਸੁਰੱਖਿਆ ਆਦੇਸ਼ ਪ੍ਰਾਪਤ ਕਰਨ ਤੋਂ ਬਾਅਦ

## ਤੁਸੀਂ ਸੁਰੱਖਿਆ ਆਦੇਸ਼ ਦੀ ਵਰਤੋਂ ਕਿਵੇਂ ਕਰਦੇ ਹੋ?

**ਤੁਹਾਨੂੰ ਹਰ ਸਮੇਂ ਆਪਣੇ ਨਾਲ ਇਸਦੀ ਇੱਕ ਪ੍ਰਮਾਣਿਤ ਕਾਪੀ ਰੱਖਣੀ ਚਾਹੀਦੀ ਹੈ।** ਪ੍ਰਮਾਣਿਤ ਕਾਪੀ ਕਲਰਕ ਦੁਆਰਾ ਤੁਹਾਡੇ ਲਈ ਬਣਾਈ ਇੱਕ ਕਾਪੀ ਹੁੰਦੀ ਹੈ ਜਿਸ 'ਤੇ ਮੋਹਰ ਲੱਗੀ ਹੁੰਦੀ ਹੈ।

ਉਲੰਘਣ ਹੋਣ 'ਤੇ ਤੁਹਾਨੂੰ **ਪੁਲਿਸ** ਨੂੰ ਕਾਲ ਕਰਨੀ ਚਾਹੀਦੀ ਹੈ।

## ਕੀ ਸੁਰੱਖਿਆ ਆਦੇਸ਼ ਉਸ ਦੇਸ਼ ਤੋਂ ਬਾਹਰ ਮੈਨੂੰ ਕਵਰ ਕਰੇਗਾ ਜਿੱਥੋਂ ਮੈਂ ਇਹ ਪ੍ਰਾਪਤ ਕੀਤਾ ਹੈ?

**ਹਾਂ।** ਉਹ ਤੁਹਾਡੇ ਸੁਰੱਖਿਆ ਦੇ ਆਦੇਸ਼ ਨੂੰ ਰਾਜਵਿਆਪੀ ਕੰਪਿਊਟਰ ਸਿਸਟਮ ਵਿੱਚ ਦਰਜ ਕਰਦੇ ਹਨ। ਇਹ ਪੂਰੇ ਰਾਜ ਵਿੱਚ ਅਤੇ ਹੋਰ ਰਾਜਾਂ ਵਿੱਚ ਲਾਗੂ ਹੋਣ ਯੋਗ ਹੈ।

## ਸੁਰੱਖਿਆ ਆਦੇਸ਼ (ਜਾਂ ਇਸਦੀ ਮਿਆਦ) ਕਦੋਂ ਸਮਾਪਤ ਹੋਵੇਗੀ?

ਇਹ ਜਾਂ ਤਾਂ ਨਿਸ਼ਚਿਤ ਸਮੇਂ ਲਈ ਜਾਂ ਸਥਾਈ ਤੌਰ 'ਤੇ ਚੱਲ ਸਕਦਾ ਹੈ। RCW 7.105.310 **ਜੇਕਰ ਇਹ ਬੱਚਿਆ ਦੀ ਸੁਰੱਖਿਆ ਕਰਦਾ ਹੈ, ਤਾਂ ਸਿਰਫ਼ ਬੱਚਿਆਂ ਦੀ ਸੁਰੱਖਿਆ ਨਾਲ ਸੰਬੰਧਿਤ ਹਿੱਸਾ ਵੱਧ ਤੋਂ ਵੱਧ ਇੱਕ ਸਾਲ ਹੀ ਚੱਲ ਸਕਦਾ ਹੈ।**

ਤੁਸੀਂ ਇਸਦੀ ਮਿਆਦ ਸਮਾਪਤ ਹੋਣ ਤੋਂ ਪਹਿਲਾਂ ਆਦੇਸ਼ ਨੂੰ ਮੁੜ ਨਵਾਂ ਕਰਾਉਣ ਲਈ ਅਦਾਲਤ ਨੂੰ ਕਹਿ ਸਕਦੇ ਹੋ। ਅਦਾਲਤ ਨੂੰ ਤੁਹਾਡੇ ਆਦੇਸ਼ ਨੂੰ ਮੁੜ ਨਵਾਂ **ਕਰਨਾ ਪਵੇਗਾ** ਨਹੀਂ ਤਾਂ ਆਦੇਸ਼ ਤੁਹਾਨੂੰ ਜਿਸ ਵਿਅਕਤੀ ਤੋਂ ਬਚਾਉਂਦਾ ਹੈ ਉਹ ਸਾਬਤ ਕਰ ਸਕਦਾ ਹੈ ਕਿ ਉਹ ਤੁਹਾਨੂੰ ਅਤੇ/ਜਾਂ ਤੁਹਾਡੇ ਬੱਚਿਆਂ ਨੂੰ ਜੋਖਿਮ ਨਹੀਂ ਪਹੁੰਚਾ ਰਿਹਾ।

## ਜਿਸ ਵਿਅਕਤੀ ਦੇ ਖ਼ਿਲਾਫ਼ ਮੈਂ ਆਦੇਸ਼ ਲਿਆ ਹੈ ਜੇਕਰ ਉਹ ਆਦੇਸ਼ ਦੀ ਉਲੰਘਣਾ ਕਰਦਾ ਹੈ ਤਾਂ ਕੀ ਹੋਵੇਗਾ?

ਇਹ ਇੱਕ ਅਪਰਾਧ ਹੈ। ਪੁਲਿਸ ਨੂੰ ਤੁਹਾਡੇ ਆਦੇਸ਼ ਨੂੰ ਲਾਗੂ ਕਰਨਾ ਚਾਹੀਦਾ ਹੈ ਅਤੇ ਉਸ ਵਿਅਕਤੀ ਨੂੰ ਗ੍ਰਿਫ਼ਤਾਰ ਕਰਨਾ ਚਾਹੀਦਾ ਹੈ ਜਿਸਨੇ ਤੁਹਾਨੂੰ ਨੁਕਸਾਨ ਪਹੁੰਚਾਇਆ ਹੈ। RCW 7.105.450

## ਮੈਂ ਹੋਰ ਕਿਵੇਂ ਜਾਣ ਸਕਦਾ ਹਾਂ?

- ਘਰੇਲੂ ਹਿੰਸਾ ਦੇ ਮੂਲ ਅਮਰੀਕੀ ਪੀੜਿਤਾਂ ਲਈ ਸੁਰੱਖਿਆ
- ਦੁਰਵਿਹਾਰ ਅਤੇ ਉਪੇਖਿਆ ਤੋਂ ਬਜ਼ੁਰਗਾਂ ਅਤੇ ਕਮਜ਼ੋਰ ਬਾਲਗਾਂ ਨੂੰ ਸੁਰੱਖਿਆ ਦੇਣਾ
- ਸਟਾਕਰ ਜਾਂ ਦੁਰਵਿਹਾਰ ਕਰਨ ਵਾਲੇ ਤੋਂ ਆਪਣਾ ਪਤਾ ਕਿਵੇਂ ਲੁਕਾਈਏ
- ਦੁਰਵਿਹਾਰ ਅਤੇ ਉਪੇਖਿਆ ਤੋਂ ਬਜ਼ੁਰਗਾਂ ਅਤੇ ਕਮਜ਼ੋਰ ਬਾਲਗਾਂ ਨੂੰ ਸੁਰੱਖਿਆ ਦੇਣਾ

## ਕਨੂੰਨੀ ਸਹਾਇਤਾ ਪ੍ਰਾਪਤ ਕਰੋ

- **ਜੇਕਰ ਤੁਹਾਨੂੰ ਬੇਦਖ਼ਲੀ, ਕਰਜ਼ੇ,** ਸਰਕਾਰੀ ਲਾਭਾਂ, ਜਾਂ ਵਿਸ਼ੇਸ਼ ਸਿੱਖਿਆ ਨਾਲ ਕੋਈ ਸਮੱਸਿਆ ਹੈ CLEAR*Online -nwjustice.org/apply-online ਦੇ ਨਾਲ ਔਨਲਾਈਨ ਅਪਲਾਈ ਕਰੋ
- **ਕਿੰਗ ਕਾਉਂਟੀ/King County ਵਿੱਚ ਕਨੂੰਨੀ ਸਮੱਸਿਆ** ਦਾ ਸਾਹਮਣਾ ਕਰ ਰਹੇ ਹੋ (ਬੇਦਖ਼ਲੀ ਜਾਂ ਰਹਿਨਬੰਦੀ ਤੋਂ ਇਲਾਵਾ)? ਕੰਮਕਾਜੀ ਦਿਹਾੜਿਆਂ 'ਤੇ ਸਵੇਰੇ 8:00 ਵਜੇ ਤੋਂ ਸ਼ਾਮ 6:00 ਵਜੇ 2-1-1 (ਜਾਂ ਟੋਲ-ਫ੍ਰੀ 1-877-211-9274) 'ਤੇ ਕਾਲ ਕਰੋ। ਉਹ ਤੁਹਾਨੂੰ ਤੁਹਾਡੇ ਕਨੂੰਨੀ ਸਹਾਇਤਾ ਪ੍ਰਦਾਤਾ ਨੂੰ ਰੈਫਰ ਕਰ ਦੇਣਗੇ।
- **ਕਿੰਗ ਕਾਉਂਟੀ/King County** ਤੋਂ ਬਾਹਰ ਕਿਸੇ ਕਨੂੰਨੀ ਸਮੱਸਿਆ ਦਾ ਸਾਹਮਣਾ ਕਰ ਰਹੇ ਹੋ (ਬੇਦਖਲੀ ਜਾਂ ਰਹਿਨਬੰਦੀ ਤੋਂ ਇਲਾਵਾ)? CLEAR ਹੌਟਲਾਈਨ ਨੂੰ 1-888-201-1014 'ਤੇ ਕੰਮਕਾਜੀ ਦਿਨਾਂ ਵਿੱਚ ਸਵੇਰੇ 9:15 ਵਜੇ ਤੋਂ ਦੁਪਹਿਰ 12:15 ਵਜੇ ਤੱਕ ਕਾਲ ਕਰੋ ਜਾਂ nwjustice.org/apply-online 'ਤੇ ਔਨਲਾਈਨ ਅਪਲਾਈ ਕਰੋ।
- **ਕੀ ਘਰੋਂ ਬੇਦਖ਼ਲ ਕੀਤੇ ਜਾ ਰਹੇ ਹੋ?** 1-855-657-8387 'ਤੇ ਕਾਲ ਕਰੋ।
- **ਫੋਰਕਲੋਜ਼ਰ (ਰਹਿਨਬੰਦੀ) ਦਾ ਸਾਮ੍ਹਣਾ ਕਰ ਰਹੇ ਹੋ?** 1-800-606-4819 'ਤੇ ਕਾਲ ਕਰੋ।
- ਕਿੰਗ ਕਾਉਂਟੀ/King County ਤੋਂ ਬਾਹਰ ਕਨੂੰਨੀ ਸਮੱਸਿਆ ਵਾਲੇ **ਬਜ਼ੁਰਗ (ਉਮਰ 60 ਅਤੇ ਇਸ ਤੋਂ ਵੱਧ)** ਵੀ CLEAR*Sr ਨੂੰ 1-888-387-7111 'ਤੇ ਕਾਲ ਕਰ ਸਕਦੇ ਹਨ।

**ਸੁਣਨ ਵਿੱਚ ਅਸਮਰੱਥ, ਘੱਟ ਸੁਣਨ ਵਾਲੇ ਜਾਂ ਬੋਲਣ ਵਿੱਚ ਸਮੱਸਿਆ ਦਾ ਸਾਮ੍ਹਣਾ ਕਰਨ ਵਾਲੇ ਕਾਲਰ** ਤੁਹਾਡੀ ਪਸੰਦ ਦੀ ਰਿਲੇਅ ਸੇਵਾ ਦੀ ਵਰਤੋਂ ਕਰਕੇ ਇਹਨਾਂ ਵਿੱਚੋਂ ਕਿਸੇ ਵੀ ਨੰਬਰ 'ਤੇ ਕਾਲ ਕਰ ਸਕਦੇ ਹਨ।

ਅਨੁਵਾਦਕ ਪ੍ਰਦਾਨ ਕੀਤੇ ਜਾਂਦੇ ਹਨ।

---

ਇਹ ਪ੍ਰਕਾਸ਼ਨ ਤੁਹਾਡੇ ਅਧਿਕਾਰਾਂ ਅਤੇ ਜ਼ਿੰਮੇਵਾਰੀਆਂ ਸੰਬੰਧੀ ਆਮ ਜਾਣਕਾਰੀ ਮੁੱਹਈਆ ਕਰਾਉਂਦਾ ਹੈ। ਇਸ ਨੂੰ ਖਾਸ ਕਾਨੂੰਨੀ ਸਲਾਹ ਦੇ ਬਦਲ ਵਜੋਂ ਨਾ ਵਰਤਿਆ ਜਾਵੇ।

**© 2023 Northwest Justice Project — 1-888-201-1014.**

(Alliance for Equal Justice ਅਤੇ ਵਿਅਕਤੀਆਂ ਨੂੰ ਕਾਪੀ ਕਰਨ ਅਤੇ ਵੰਡਣ ਦੀ ਇਜਾਜ਼ਤ ਸਿਰਫ਼ ਗੈਰ-ਵਿਵਸਾਇਕ ਉਦੇਸ਼ਾਂ ਲਈ ਦਿੱਤੀ ਗਈ ਹੈ।)